ਰਿਖਲਿਕ ਦੀ ਕੌਂਟੀਨੁਅਸ ਫ਼ੰਕਸ਼ਨ, ਹੈਂਸਲ ਦੇ ਨੰਬਰਾਂ ਵਿਚ, ਜਿਹਦਾ ਕਿਤੇ ਵੀ ਨਹੀਂ ਡੈਰੀਵੇਟਿਵ:- ਇਹ ਫ਼ੰਕਸ਼ਨ ਲੈ ਜਾਂਦੀ ਹੈ ਕਿਸੇ ਵੀ p-ਐਡਿਕ ਨੰਬਰ $x = a_r p^r + a_{r+1} p^{r+1} + \cdots, r \in \mathbb{Z}, a_n \in \{0, 1, \ldots p-1\}, a_r \neq 0$ ਨੂੰ ਨੰਬਰ $f(x) = a_r p^r + a_{r+2} p^{r+2} + a_{r+4} p^{r+4} + \cdots$ ਤੱਕ। ਕੌਂਟੀਨੁਏਟੀ ਤੇ ਇਹਦੀ ਜ਼ਾਹਿਰ ਹੀ ਹੈ। ਲੈ ਲਓ ਹੁਣ $n \geq 0$ ਲਈ $\epsilon_{r+n} = 1$ ਜੇ $a_{r+n} \neq p-1$ ਯਾਂ $\epsilon_{r+n} = -1$ ਜੇ $a_{r+n} = p-1$ ਤੇ ਨੋਟ ਕਰੋ ਕਿ

$$\frac{f(x+h'_k) - f(x)}{h'_k} = 1, \quad \frac{f(x+h''_k) - f(x)}{h''_k} = 0$$

ਜਿੱਥੇ $h'_k = \epsilon_{r+2k+1} p^{r+2k+1}, \quad h''_k = \epsilon_{r+2k} p^{r+2k}$। ਜਿਸ ਤੋਂ ਫ਼ੱਟ ਨਿਕੱਲਦਾ ਹੈ ਕਿ ਕੌਂਟੀਨੁਅਸ ਫ਼ੰਕਸ਼ਨ $f(x)$ ਦਾ ਕਿਸੀ ਵੀ x ਲਈ ਨਹੀਂ ਐਗਜ਼ਿਸਟ ਕਰਦੈ ਡੈਰੀਵੇਟਿਵ $f'(x)$।■